ਨਿਊ ਯਾਰਕ ਸਿਟੀ
**ਅਰਲੀ ਇੰਟਰਵੈਂਸ਼ਨ**
ਪ੍ਰੋਗਰਾਮ

**ਜਿਨਾ ਪਹਿਲਾਂ, ਉਨਾ ਬਿਹਤਰ**

# ਅਰਲੀ ਇੰਟਰਵੈਂਸ਼ਨ ਵਿੱਚ
# ਵਿੱਚ ਤੁਹਾਡੇ ਪਰਿਵਾਰ ਦੇ ਅਧਿਕਾਰ

| | |
|---|---|
| **ਮੁਲਾਂਕਣ** | • ਤੁਹਾਨੂੰ ਆਪਣੇ ਬੱਚੇ ਨੂੰ ਜਾਂਚਣ ਜਾਂ ਮੁਲਾਂਕਣ ਕਰਨ ਲਈ ਹਾਂ ਜਾਂ ਨਹੀਂ ਕਹਿਣ ਦਾ ਅਧਿਕਾਰ ਹੈ। |
| **ਚੋਣ** | • ਤੁਹਾਨੂੰ ਇਹ ਚੋਣ ਕਰਨ ਦਾ ਅਧਿਕਾਰ ਹੈ ਕਿ ਤੁਹਾਡੇ ਬੱਚੇ ਦਾ ਮੁਲਾਂਕਣ ਕੌਣ ਕਰੇਗਾ (ਮੁਲਾਂਕਣਕਰਤਾ)।<br>• ਤੁਹਾਨੂੰ ਆਪਣੇ ਬੱਚੇ ਦੀ ਵਿਅਕਤੀਗਤ ਸੇਵਾ ਯੋਜਨਾ ਮੀਟਿੰਗ ਵਿੱਚ ਔਨਗੋਇੰਗ ਸੇਵਾ ਕੋਆਰਡੀਨੇਟਰ ਨੂੰ ਚੁਣਨ ਦਾ ਅਧਿਕਾਰ ਹੈ। *ਤੁਸੀਂ ਆਪਣਾ ਸੇਵਾ ਪ੍ਰਦਾਤਾ ਜਾਂ ਥੈਰੇਪਿਸਟ ਨਹੀਂ ਚੁਣ ਸਕਦੇ।*<br>• ਜੇਕਰ ਤੁਸੀਂ ਅਰਲੀ ਇੰਟਰਵੈਂਸ਼ਨ (Early Intervention, EI) ਨੂੰ ਛੱਡਦੇ ਹੋ, ਤਾਂ ਤੁਸੀਂ ਉਦੋਂ ਤੱਕ ਵਾਪਿਸ ਆਉਣ ਦੀ ਚੋਣ ਕਰ ਸਕਦੇ ਹੋ ਜਦੋਂ ਤੱਕ ਤੁਹਾਡੇ ਬੱਚੇ ਦਾ ਤੀਜਾ ਜਨਮਦਿਨ ਨਹੀਂ ਆਉਂਦਾ। |
| **ਇਜਾਜ਼ਤ** | • ਤੁਹਾਨੂੰ ਆਪਣੇ ਬੱਚੇ ਦਾ ਨਾਮ EI ਵਿੱਚ ਦਾਖ਼ਲ ਕਰਨ ਲਈ ਹਾਂ ਜਾਂ ਨਹੀਂ ਕਹਿਣ ਦਾ ਅਧਿਕਾਰ ਹੈ।<br>• ਤੁਹਾਨੂੰ EI ਰਾਹੀਂ ਪੇਸ਼ ਕੀਤੀਆਂ ਕੋਈ ਵੀ ਸੇਵਾਵਾਂ ਲਈ ਹਾਂ ਜਾਂ ਨਹੀਂ ਕਹਿਣ ਦਾ ਅਧਿਕਾਰ ਹੈ। ਜੇਕਰ ਤੁਸੀਂ ਕੋਈ ਖਾਸ ਸੇਵਾ ਨਹੀਂ ਚਾਹੁੰਦੇ, ਤਾਂ ਤੁਸੀਂ ਉਸ ਸੇਵਾ ਲਈ ਨਾ ਕਹਿ ਸਕਦੇ ਹੋ ਅਤੇ ਫ਼ੇਰ ਵੀ ਉਹ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿੰਨ੍ਹਾਂ ਨਾਲ ਤੁਸੀਂ ਸਹਿਮਤ ਹੋ। |
| **ਗੋਪਨੀਯਤਾ** | • ਤੁਹਾਨੂੰ ਆਪਣੇ ਬੱਚੇ ਅਤੇ ਪਰਿਵਾਰ ਦੀ ਜਾਣਕਾਰੀ ਨਿੱਜੀ ਰੱਖਣ ਦਾ ਅਧਿਕਾਰ ਹੈ। ਸਾਡੇ ਦੁਆਰਾ ਉਹਨਾਂ ਲੋਕਾਂ ਜਾਂ ਏਜੰਸੀਆਂ ਨੂੰ ਜਾਣਕਾਰੀ ਭੇਜਣ ਤੋਂ ਪਹਿਲਾਂ ਤੁਹਾਡੇ ਦੁਆਰਾ ਲਿਖਤੀ ਇਜਾਜ਼ਤ ਦਿੱਤੀ ਜਾਣੀ ਲਾਜ਼ਮੀ ਹੈ ਜੋ EI ਵਿੱਚ ਕੰਮ ਨਹੀਂ ਕਰਦੇ। |
| **ਮੀਟਿੰਗਾਂ** | • ਤੁਹਾਨੂੰ ਆਪਣੇ ਬੱਚੇ ਦੇ ਮੁਲਾਂਕਣਾਂ ਜਾਂ ਸੇਵਾਵਾਂ ਬਾਰੇ ਫੈਸਲੇ ਲੈਣ ਲਈ ਸਭ ਮੀਟਿੰਗਾਂ ਵਿੱਚ ਹਿੱਸਾ ਲੈਣ—ਅਤੇ ਹੋਰਾਂ ਨੂੰ ਸੱਦਣ—ਦਾ ਅਧਿਕਾਰ ਹੈ। |
| **ਇੰਸ਼ੋਰੈਂਸ** | • ਤੁਹਾਨੂੰ ਇਹ ਜਾਣਨ ਦਾ ਅਧਿਕਾਰ ਹੈ ਕਿ ਤੁਹਾਡਾ ਇੰਸ਼ੋਰੈਂਸ EI ਸੇਵਾਵਾਂ ਲਈ ਭੁਗਤਾਨ ਕਰਨ ਵਾਸਤੇ ਵਰਤਿਆ ਜਾਵੇਗਾ। ਜੇਕਰ ਤੁਹਾਡੇ ਇੰਸ਼ੋਰੈਂਸ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਤੁਹਾਨੂੰ ਕੋਈ ਡਾਇਰੈਕਟ ਲਾਗਤ ਨਹੀਂ ਪਵੇਗੀ। |
| **ਲਿਖਤੀ ਸੂਚਨਾ** | • ਤੁਹਾਡੇ ਬੱਚੇ ਦੇ ਮੁਲਾਂਕਣ, ਯੋਗਤਾ ਜਾਂ ਸੇਵਾਵਾਂ ਵਿੱਚ ਬਦਲਾਅ ਤੋਂ ਪਹਿਲਾਂ ਤੁਹਾਨੂੰ ਲਿਖਤੀ ਸੂਚਨਾ ਲਾਜ਼ਮੀ ਤੌਰ 'ਤੇ ਪ੍ਰਾਪਤ ਹੋਣੀ ਚਾਹੀਦੀ ਹੈ। |
| **ਤੁਹਾਡੇ ਬੱਚੇ ਦੇ ਰਿਕਾਰਡ** | • ਤੁਹਾਨੂੰ ਆਪਣੇ ਬੱਚੇ ਦਾ ਕੋਈ ਵੀ ਰਿਕਾਰਡ ਵੇਖਣ ਦਾ ਅਧਿਕਾਰ ਹੈ।<br>• ਤੁਹਾਨੂੰ ਇਹਨਾਂ ਰਿਕਾਰਡਾਂ ਦੀ ਕਾਪੀ ਪ੍ਰਾਪਤ ਕਰਨ ਦਾ ਅਧਿਕਾਰ ਹੈ।<br>• ਤੁਹਾਨੂੰ ਕਿਸੇ ਵੀ ਰਿਕਾਰਡ ਵਿੱਚ ਤਬਦੀਲੀ ਦੀ ਮੰਗ ਕਰਨ ਦਾ ਅਧਿਕਾਰ ਹੈ। |

DMH6660040 - 11.23-PU



NYC Health

# ਜੇਕਰ ਤੁਹਾਡੇ ਕੋਈ ਸਵਾਲ ਹਨ ਜਾਂ ਫੈਸਲੇ ਨਾਲ ਸਹਿਮਤ ਨਹੀਂ ਹੋ ਤਾਂ:

**1. ਆਪਣੇ ਸੇਵਾ ਕੋਆਰਡੀਨੇਟਰ ਨਾਲ ਗੱਲ ਕਰੋ। ਉਹ ਤੁਹਾਡੀ ਜ਼ਿਆਦਾਤਰ ਸਵਾਲਾਂ ਨਾਲ ਮਦਦ ਕਰ ਸਕੇਗਾ/ਸਕੇਗੀ।**

**2. ਆਪਣੇ ਖੇਤਰੀ ਦਫ਼ਤਰ ਵਿੱਚ ਕਾਲ ਕਰੋ ਅਤੇ ਕਿਸੇ ਸਹਾਇਕ ਨਿਰਦੇਸ਼ਕ ਨਾਲ ਗੱਲ ਕਰਨ ਲਈ ਕਹੋ:**

**Bronx: 718-838-6887 • Brooklyn: 718-694-6000 • Manhattan: 212-436-0900**

**Queens: 718-553-3954 • Staten Island: 718-568-2300**

**3. ਅਰਲੀ ਇੰਟਰਵੇਂਸ਼ਨ ਕਸਟਮਰ ਅਫੇਅਰਸ ਨੂੰ ਕਾਲ ਕਰੋ: 347-396-6828.**

**4. ਜੇਕਰ ਕੋਈ ਸਮੱਸਿਆ ਹੱਲ ਨਹੀਂ ਹੁੰਦੀ ਹੈ ਜਾਂ ਤੁਸੀਂ ਕਿਸੇ ਫੈਸਲੇ ਨਾਲ ਅਸਹਿਮਤ ਹੁੰਦੇ ਹੋ, ਤਾਂ ਤੁਹਾਡੇ ਕੋਲ ਹਮੇਸ਼ਾ ਫੈਸਲੇ 'ਤੇ ਮੁੜ ਵਿਚਾਰ ਕਰਨ ਵਾਸਤੇ ਬੋਲਣ ਦਾ ਅਧਿਕਾਰ ਹੈ। ਇਸ ਨੂੰ ਨਿਯਤ ਪ੍ਰਕਿਰਿਆ ਕਿਹਾ ਜਾਂਦਾ ਹੈ। ਤੁਹਾਡੇ ਨਿਯਤ ਪ੍ਰਕਿਰਿਆ ਸੰਬੰਧੀ ਅਧਿਕਾਰਾਂ ਵਿੱਚ ਸ਼ਾਮਲ ਹਨ:**

- **ਵਿਚੋਲਗੀ:** EI ਅਤੇ ਇੱਕ ਵਿਚੋਲੇ ਨਾਲ ਆਪਣੀਆਂ ਚਿੰਤਾਵਾਂ 'ਤੇ ਚਰਚਾ ਕਰਨ ਦੇ ਇਹ ਇੱਕ ਢੰਗ ਹੈ (ਉਹ ਕੋਈ ਇਸ ਸਥਿਤੀ ਵਿੱਚ ਸ਼ਾਮਲ ਨਹੀਂ ਹੈ ਜੋ ਤੁਹਾਨੂੰ ਹੱਲ ਲੱਭਣ ਵਿੱਚ ਮਦਦ ਕਰ ਸਕਦਾ ਹੈ)।
- **ਨਿਰਪੱਖ ਸੁਣਵਾਈ:** ਇਹ ਇੱਕ ਰਸਮੀ ਪ੍ਰਕਿਰਿਆ ਹੈ ਜਿੱਥੇ ਪ੍ਰਸ਼ਾਸਨਿਕ ਕਨੂੰਨੀ ਜੱਜ ਚਿੰਤਾਵਾਂ ਨੂੰ ਸੁਣਦਾ ਹੈ ਅਤੇ ਫੈਸਲਾ ਲੈਂਦਾ ਹੈ।
- **ਸਿਸਟਮ ਸ਼ਿਕਾਇਤ:** ਇਹ ਉਦੋਂ ਹੁੰਦਾ ਹੈ ਜਦੋਂ ਤੁਸੀਂ ਨਿਊ ਯਾਰਕ ਡਿਪਾਰਟਮੈਂਟ ਆਫ਼ ਹੈਲਥ ਨੂੰ ਕਿਸੇ ਸਮੱਸਿਆ ਦੀ ਜਾਂਚ ਕਰਨ ਲਈ ਪੁਛਦੇ ਹੋ।

## ਵਿਚੋਲਗੀ ਲਈ, ਇਸ ਨੂੰ ਲਿਖੋ:

**Director of Consumer Affairs**
NYC Early Intervention Program

42-09 28th St.
Long Island City, NY 11101

**ਫੋਨ:** 347-396-6828

**ਫੈਕਸ:** 347-396-8977

## ਨਿਰਪੱਖ ਸੁਣਵਾਈ ਜਾਂ ਕੋਈ ਸਿਸਟਮ ਸ਼ਿਕਾਇਤ ਲਈ, ਇਸ ਨੂੰ ਲਿਖੋ:

**New York State Department of Health**
Bureau of Early Intervention

Corning Tower, Empire State Plaza
Albany, NY 12237

**ਫੋਨ:** 518-473-7016

**ਫੈਕਸ:** 518-486-1090

ਇਹ ਪਰਿਵਾਰਕ ਅਧਿਕਾਰ ਇੰਡਵਿਜੁਅਲਸ ਵਿੱਦ ਡਿਸਐਬਿਲਿਟੀਜ਼ ਐਜੂਕੇਸ਼ਨ ਐਕਟ (Individuals with Disabilities Education Act, IDEA) ਦੇ ਭਾਗ C ਦੇ ਅਨੁਸਾਰ ਅਰਲੀ ਇੰਟਰਵੇਂਸ਼ਨ ਵਿੱਚ ਬੱਚਿਆਂ ਦੇ ਸਭ ਪਰਿਵਾਰਾਂ ਲਈ ਗਾਰੰਟੀਸ਼ੁਦਾ ਹਨ। ਹੋਰ ਜਾਣਕਾਰੀ ਲਈ, health.ny.gov/publications/0532 'ਤੇ ਜਾਓ।